# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ ਫੋਨ ਨੰ. 0172-2212221

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
3. ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀ),

ਪੰਜਾਬ।

ਵਿਸ਼ਾ: ਵੱਖ-2 ਵਿਸ਼ਿਆਂ ਸਬੰਧੀ ਕਿਰਿਆਵਾਂ ਕਰਵਾਉਣ ਲਈ ਸਕੂਲ ਪੱਧਰ ਤੇ ਭੇਜੇ ਜਾਣ ਵਾਲੇ ਫੰਡਾਂ ਸਬੰਧੀ ।

ਮੀਮੋ ਨੰ. SCERT, SP/UP/2020338425 ਮਿਤੀ - 24-12-2020

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮਗਰ ਸਿੱਖਿਆ ਅਭਿਆਨ ਤਹਿਤ ਸਾਲ 2020-21 ਲਈ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਵਿਚ ਛੇਵੀਂ ਤੋਂ ਅੱਠਵੀਂ ਜਮਾਤਾਂ ਵਿਚ ਪੜ੍ਹਦੇ ਵਿਦਿਆਰਥੀਆਂ ਲਈ LEP(Learning Enhancement Programme) Upper Primary ਤਹਿਤ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' (ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਸਾਇੰਸ, ਪੰਜਾਬੀ, ਹਿੰਦੀ) ਲਈ ਵਿਸ਼ੇਸ਼ ਫੰਡ ਪ੍ਰਵਾਨ ਕੀਤੇ ਗਏ ਹਨ। ਆਪ ਜੀ ਦੇ ਜਿਲ੍ਹੇ ਦੇ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਨੂੰ ਹੇਠਾਂ ਦਰਸਾਏ ਅਨੁਸਾਰ 110.00 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਰਾਸ਼ੀ ਰਲੀਜ਼ ਕੀਤੀ ਜਾ ਰਹੀ ਹੈ ਜਿਸਨੂੰ ਸਕੂਲ ਪੱਧਰ ਤੇ ਹੋਣ ਵਾਲੀਆਂ ਵਿਸ਼ਾ ਵਾਇਜ਼ ਗਤੀ–ਵਿਧੀਆਂ ਲਈ ਪੱਤਰ ਵਿਚ ਦਰਸਾਈਆਂ ਹਦਾਇਤਾਂ ਮੁਤਾਬਿਕ ਖਰਚਿਆ ਜਾਵੇ।

| District Name | Number of students VI-VIII | Funds to be released @ Rs. 110 |
|---|---|---|
| Amritsar | 50410 | 5545100 |
| Barnala | 13246 | 1457060 |
| Bathinda | 33849 | 3723390 |
| Faridkot | 15674 | 1724140 |
| Fatehgarh Sahib | 12712 | 1398320 |
| Fazilka | 35893 | 3948230 |
| Ferozepur | 25004 | 2750440 |
| Gurdaspur | 35641 | 3920510 |
| Hoshiarpur | 33420 | 3676200 |
| Jalandhar | 38636 | 4249960 |
| Kapurthala | 15677 | 1724470 |
| Ludhiana | 62241 | 6846510 |

ਜ. 23/12/20

| | | |
|---|---|---|
| Mansa | 22324 | 2455640 |
| Moga | 23606 | 2596660 |
| Muktsar | 26129 | 2874190 |
| Pathankot | 12293 | 1352230 |
| Patiala | 43971 | 4836810 |
| Roopnagar | 15159 | 1667490 |
| S.B.S. Nagar | 12513 | 1376430 |
| Sangrur | 36657 | 4032270 |
| Sas Nagar | 23422 | 2576420 |
| Tarn Taran | 30246 | 3327060 |
| **Total** | **618723** | **68059530** |

3.0 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਇਸ ਗ੍ਰਾਂਟ ਨੂੰ ਸਕੂਲ ਪੱਧਰ ਤੇ ਤੁੰਰਤ ਜਾਰੀ ਕਰਨਾ ਯਕੀਨੀ ਬਣਾਉਣਗੇ ਅਤੇ ਸਕੂਲ ਮੁੱਖੀ ਇਸ ਗ੍ਰਾਂਟ ਨੂੰ ਨਿਯਮਾਂ ਅਨੁਸਾਰ ਖਰਚ ਕਰਨਾ ਸੁਨਿਸ਼ਚਿਤ ਕਰਨਗੇ।

4.0 ਗਣਿਤ/ ਸਾਇੰਸ/ ਸਮਾਜਿਕ ਸਿੱਖਿਆ/ ਅੰਗ੍ਰਜ਼ੀ/ਪੰਜਾਬੀ ਵਿਸ਼ੇ ਦਾ ਲੋੜੀਂਦਾ ਸਮਾਨ ਜਿਵੇਂ ਕਿ Geometry Box, science activity material, ਸਮਾਜਿਕ ਸਿੱਖਿਆ ਲਈ globe, maps, ਅੰਗ੍ਰੇਜੀ/ ਪੰਜਾਬੀ/ ਹਿੰਦੀ ਭਾਸ਼ਾ ਦੇ ਸ਼ਬਦਕੋਸ਼ ਆਦਿ ਖਰੀਦਣ ਲਈ ਵਰਤਿਆ ਜਾ ਸਕਦਾ ਹੈ।

5.0 ਸਕੂਲ ਪੱਧਰੀ ਸੁੰਦਰ ਲਿਖਾਈ ਦੇ ਮੁਕਾਬਲੇ, ਮੌਲਿਕ ਲਿਖਤ, ਬੋਲ ਲਿਖਤ ਅਤੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਇਨਾਮ ਅਤੇ ਸਰਟੀਫਿਕੇਟ ਦੇਣ ਲਈ ਵਰਤੇ ਜਾ ਸਕਦੇ ਹਨ।

6.0 ਸਕੂਲ ਪੱਧਰ ਤੇ Offline/ Online English Handwriting, Vocabulary & Speaking Competitions ਕਰਵਾਉਣ ਲਈ ਅਤੇ ਵਿਦਿਆਰਥੀਆਂ ਨੂੰ ਇਨਾਮ ਦੇਣ ਅਤੇ ਸਰਟੀਫਿਕੇਟ ਦੇਣ ਲਈ ਵਰਤਿਆ ਜਾ ਸਕਦਾ ਹੈ।

7.0 ਸਕੂਲ ਪੱਧਰ ਤੇ online SST/Science/Math Fair/activity ਕਰਵਾਉਣ ਅਤੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਇਨਾਮ/ਸਰਟੀਫਿਕੇਟ ਦੇਣ ਲਈ ਵਰਤੇ ਜਾ ਸਕਦੇ ਹਨ।

8.0 ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਲ੍ਹਾ ਅਤੇ ਸਕੂਲ ਪੱਧਰ ਤੇ ਇਹਨਾਂ ਫੰਡਾਂ ਨੂੰ ਸਮਗਰ ਸਿੱਖਿਆ ਤਹਿਤ ਵੱਖਰੇ ਤੋਰ ਤੇ ਖੋਲ੍ਹੇ ਗਏ ਬੈਂਕ ਅਕਾਉਂਟ ਵਿਚ ਜਮਾਂ ਕਰਵਾਇਆ ਜਾਵੇਗਾ।

9.0 'ਮਿਸ਼ਨ ਸ਼ਤ ਪ੍ਰਤੀਸ਼ਤ' ਨੂੰ ਮੁੱਖ ਰੱਖਦੇ ਹੋਇਆਂ, ਸਕੂਲ ਮੁੱਖੀ ਇਸ ਫੰਡ ਵਿੱਚੋਂ ਵੱਖ ਵੱਖ ਵਿਸ਼ਿਆਂ ਦੇ ਪ੍ਰਸ਼ਨਾਂ ਦੀ ਦੁਹਰਾਈ ਲਈ assignments, Study Material ਆਦਿ ਪ੍ਰਿੰਟ ਕਰਵਾ ਕੇ ਵਿਦਿਆਰਥੀਆਂ ਨੂੰ ਦੇਣ ਲਈ ਵੀ ਖਰਚ ਕਰ ਸਕਦੇ ਹਨ।

10.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਦਿਸ਼ਾ ਨਿਰਦੇਸ਼ਾ ਅਨੁਸਾਰ ਸਕੂਲ ਗ੍ਰਾਂਟ ਖਰਚ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮੁੱਖ ਦਫ਼ਤਰ ਨੂੰ DEO(EE) ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।

ਜ. 23/11/2020

11.0 ਇਹ ਰਾਸ਼ੀ ਸਕੂਲ ਮੁੱਖੀ ਆਪਣੇ ਪੱਧਰ ਤੇ VEC/SMC/SDMC ਦੇ ਨਾਲ ਮਤਾ ਪਾ ਕੇ ਖਰਚ ਕਰ ਸਕਦੇ ਹਨ।

12.0 ਸਮਾਨ ਸਕੂਲ ਮੁਖੀ ਦੁਆਰਾ ਆਪਣੇ ਪੱਧਰ ਤੇ ਵਿਸ਼ੇ ਦੇ ਅਧਿਆਪਕ ਦੇ ਨਾਲ ਵਿਚਾਰ ਵਟਾਦਰਾਂ ਕਰਨ ਉਪਰੰਤ ਹੀ ਖਰੀਦਿਆ ਜਾਵੇ।

13.0 ਸਮਾਨ ਵਧੀਆਂ Quality ਦਾ ਹੀ ਖਰੀਦਣਾ ਸੁਨਿਸ਼ਚਿਤ ਕੀਤਾ ਜਾਵੇ।

14.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸ. 23/12/20

ਡਾਇਰੈਕਟਰ

ਐਸ.ਸੀ.ਈ.ਆਰ.ਟੀ., ਪੰਜਾਬ।

ਪਿੱਠ ਅੰਕਣ ਨੰ: ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ
2. ਸਮੂਹ ਡੀ.ਐਮ. ਅਤੇ ਬੀ.ਐਮ. (ਗਣਿਤ, ਸਾਇੰਸ, ਅੰਗਰੇਜ਼ੀ/ਸਮਾਜਿਕ ਸਿੱਖਿਆ, ਪੰਜਾਬੀ/ ਹਿੰਦੀ)

ਡਾਇਰੈਕਟਰ

ਐਸ.ਸੀ.ਈ.ਆਰ.ਟੀ, ਪੰਜਾਬ।